**ਸਿਹਤ ਅਧਿਕਾਰੀ (HEALTH OFFICER) ਦਾ ਹੁਕਮ ਨੰ. 23-01**

**ਅਲਮੀਡਾ ਕਾਊਂਟੀ ਦੇ ਸਿਹਤ ਅਧਿਕਾਰੀ ਦਾ ਹੁਕਮ**

**5 ਮਾਰਚ 2020 ਦੇ ਸਥਾਨਕ ਸਿਹਤ ਐਮਰਜੈਂਸੀ ਦੇ ਐਲਾਨ ਨੂੰ ਰੱਦ ਕਰਨਾ ਅਤੇ ਸਿਹਤ ਅਧਿਕਾਰੀ ਦੇ ਹੁਕਮਾਂ 20-02, 20-05G, 20-06T, ਅਤੇ 20-18 ਨੂੰ ਰੱਦ ਕਰਨਾ**

**ਲਾਗੂ ਹੋਣ ਦੀ ਤਾਰੀਖ: 28 ਫ਼ਰਵਰੀ 2023 ਨੂੰ ਰਾਤ 11:59 ਵਜੇ**

**ਹੁਕਮ ਦਾ ਸੰਖੇਪ:** ਇਹ ਹੁਕਮ ਅਲਮੀਡਾ ਕਾਊਂਟੀ ਦੇ ਸਿਹਤ ਅਧਿਕਾਰੀ ਦੇ ਸਥਾਨਕ ਸਿਹਤ ਐਮਰਜੈਂਸੀ ਦੇ ਐਲਾਨ ਨੂੰ ਰੱਦ ਕਰਦਾ ਹੈ ਅਤੇ ਅਲਮੀਡਾ ਕਾਊਂਟੀ ਦੇ ਸਿਹਤ ਅਧਿਕਾਰੀ ਦੇ ਹੁਕਮਾਂ 20-02 (ਲੈਬਾਰਟਰੀਆਂ ਦੁਆਰਾ COVID-19 ਟੈਸਟਾਂ ਦੇ ਨਤੀਜਿਆਂ ਦੀ ਰਿਪੋਰਟ ਕੀਤੇ ਜਾਣ ਦੀ ਲੋੜ), 20-05g (COVID-19 ਪੀੜਤ ਵਿਅਕਤੀਆਂ ਲਈ ਆਈਸੋਲੇਟ ਕਰਨ ਦੀ ਲੋੜ), 20-06t (COVID-19 ਪੀੜਤ ਵਿਅਕਤੀਆਂ ਦੇ ਨੇੜਲੇ ਸੰਪਰਕਾਂ ਲਈ ਕੁਆਰੰਟੀਨ ਦੀ ਲੋੜ), ਅਤੇ 20-18 (ਲੰਬੀ ਮਿਆਦ ਦੀ ਦੇਖਭਾਲ ਵਾਲੀਆਂ ਸੁਵਿਧਾਵਾਂ ਵਿੱਚ ਵਸਨੀਕਾਂ ਦੀ ਟੈਸਟਿੰਗ ਦੀ ਲੋੜ) ਨੂੰ ਰੱਦ ਕਰਦਾ ਹੈ। ਰੱਦ ਕੀਤੇ ਜਾਣ ਦੇ ਇਹ ਹੁਕਮ 28 ਫ਼ਰਵਰੀ 2023 ਨੂੰ ਰਾਤ 11:59 ਵਜੇ ਤੋਂ ਲਾਗੂ ਹਨ।

**ਪਿਛੋਕੜ:** ਸਰਦੀਆਂ ਦੇ ਇਸ ਮੌਸਮ ਦੌਰਾਨ, ਅਲਮੀਡਾ ਕਾਊਂਟੀ ਵਿੱਚ COVID-19 ਲਈ ਰੋਜ਼ਾਨਾ ਹਸਪਤਾਲ ਦਾਖਲਿਆਂ ਦੀ ਰਿਪੋਰਟ ਕੀਤੀ ਗਈ ਗਿਣਤੀ, ਪਿਛਲੀਆਂ ਦੋ ਸਰਦੀਆਂ ਦੌਰਾਨ ਰਿਪੋਰਟ ਕੀਤੇ ਗਏ ਹਸਪਤਾਲ ਦਾਖਲਿਆਂ ਦੀ ਗਿਣਤੀ ਦੇ ਮੁਕਾਬਲੇ ਕਾਫ਼ੀ ਘੱਟ ਰਹੀ ਹੈ। ਹਸਪਤਾਲ ਦੇ ਇੰਟੈਂਸਿਵ ਕੇਅਰ ਯੂਨਿਟ ਵਿੱਚ ਰੋਜ਼ਾਨਾ ਦਾਖਲਿਆਂ ਦੀ ਰਿਪੋਰਟ ਕੀਤੀ ਗਈ ਗਿਣਤੀ ਅਤੇ COVID-19 ਕਰਕੇ ਹੋਈਆਂ ਮੌਤਾਂ ਦੀ ਰਿਪੋਰਟ ਕੀਤੀ ਗਈ ਗਿਣਤੀ, COVID-19 ਦੀਆਂ ਪਿਛਲੀਆਂ ਵੱਡੀਆਂ ਲਹਿਰਾਂ ਦੇ ਮੁਕਾਬਲੇ ਬਹੁਤ ਘੱਟ ਰਹੀ ਹੈ। ਇਸ ਤੋਂ ਇਲਾਵਾ, ਹਸਪਤਾਲ ਤੋਂ ਛੁੱਟੀ ਮਿਲਣ ਸਬੰਧੀ ਉਪਲਬਧ ਡੇਟਾ ਦਿਖਾਉਂਦਾ ਹੈ ਕਿ ਹੋਰ ਕਾਰਨਾਂ ਕਰਕੇ ਹਸਪਤਾਲ ਵਿੱਚ ਦਾਖਲ ਹੋਏ ਵਿਅਕਤੀਆਂ ਵਿੱਚ ਪਛਾਣੇ ਗਏ COVID-19 ਇਨਫ਼ੈਕਸ਼ਨਾਂ ਦੇ ਮੁਕਾਬਲੇ, COVID-19 ਬਿਮਾਰੀ ਕਰਕੇ ਹਸਪਤਾਲ ਵਿੱਚ ਹੋਣ ਵਾਲੇ ਦਾਖਲਿਆਂ ਦੇ ਅਨੁਪਾਤ ਵਿੱਚ ਕਮੀ ਆਈ ਹੈ। ਅਲਮੀਡਾ ਕਾਊਂਟੀ 19 ਜਨਵਰੀ 2023 ਤੋਂ ਸੰਯੁਕਤ ਰਾਜ ਦੇ ਰੋਗ ਨਿਯੰਤ੍ਰਣ ਅਤੇ ਰੋਕਥਾਮ ਕੇਂਦਰਾਂ (Centers for Disease Control and Prevention) ਦੀ ਘੱਟ COVID-19 ਕਮਿਊਨਿਟੀ ਪੱਧਰ ਦੀ ਕੈਟੇਗਰੀ ਵਿੱਚ ਅਜੇ ਵੀ ਕਾਇਮ ਹੈ। ਅਤੇ COVID-19 ਲਈ ਕਾਊਂਟੀ ਦੇ ਵਸਨੀਕਾਂ ਦੀ ਟੀਕਾਕਰਣ ਦਰ ਬਹੁਤ ਵੱਧ ਹੈ, ਜਿਸ ਵਿੱਚ 86.6% ਵਸਨੀਕਾਂ ਦਾ ਪੂਰੀ ਤਰ੍ਹਾਂ ਟੀਕਾਕਰਣ ਹੋ ਚੁੱਕਾ ਹੈ ਅਤੇ 93.9% ਵਸਨੀਕ ਵੈਕਸੀਨਾਂ ਦੀ ਘੱਟੋ-ਘੱਟ ਇੱਕ ਖੁਰਾਕ ਪ੍ਰਾਪਤ ਕਰ ਚੁੱਕੇ ਹਨ। ਅਲਮੀਡਾ ਕਾਊਂਟੀ ਨੇ COVID-19 ਦੇ ਸਭ ਤੋਂ ਨਵੇਂ ਬੂਸਟਰ ਵੈਕਸੀਨ ਦੀ ਖਪਤ ਵਿੱਚ ਵੀ ਵਾਧਾ ਦੇਖਿਆ ਹੈ, ਜੋ ਕਿ ਕੈਲੀਫ਼ੋਰਨੀਆ ਦੀਆਂ ਜ਼ਿਆਦਾਤਰ ਕਾਊਂਟੀਆਂ ਅਤੇ ਰਾਸ਼ਟਰੀ ਔਸਤਾਂ ਤੋਂ ਵੱਧ ਹੈ। ਜਦਕਿ COVID-19 ਦਾ ਕਾਊਂਟੀ ਵਿੱਚ ਫ਼ੈਲਣਾ ਅਜੇ ਵੀ ਜਾਰੀ ਹੈ, ਪਰ ਸਥਾਨਕ ਅਬਾਦੀ ਵਿੱਚ ਵਧੀ ਹੋਈ ਇਮਿਊਨਿਟੀ (ਬਿਮਾਰੀਆਂ ਨਾਲ ਲੜਨ ਦੀ ਤਾਕਤ) ਅਤੇ ਵਿਆਪਕ ਪੱਧਰ 'ਤੇ ਉਪਲਬਧ ਇਲਾਜਾਂ ਨੇ ਇਸ ਬਿਮਾਰੀ ਨੂੰ ਜਨ ਸਿਹਤ ਲਈ ਕਾਫ਼ੀ ਘੱਟ ਖਤਰਨਾਕ ਬਣਾ ਦਿੱਤਾ ਹੈ। ਇਸ ਲਈ, ਇਸ ਸਮੇਂ, ਜਨ ਸਿਹਤ ਅਧਿਕਾਰੀ (Public Health Officer) ਨੇ ਇਹ ਨਿਰਧਾਰਤ ਕੀਤਾ ਹੈ ਕਿ ਹੁਣ ਐਲਾਨ ਕੀਤੀ ਹੋਈ ਕਿਸੇ ਸਥਾਨਕ ਸਿਹਤ ਐਮਰਜੈਂਸੀ ਜਾਂ ਸਿਹਤ ਅਧਿਕਾਰੀ ਦੁਆਰਾ ਇਸ ਹੁਕਮ ਵਿੱਚ ਸੂਚੀਦਰਜ ਹੁਕਮਾਂ ਦੀ ਲੋੜ ਨਹੀਂ ਰਹੀ ਹੈ।

COVID-19 ਦਾ ਅਲਮੀਡਾ ਕਾਊਂਟੀ ਵਿੱਚ ਫ਼ੈਲਣਾ ਅਜੇ ਵੀ ਜਾਰੀ ਹੈ ਅਤੇ ਇਹ ਵਡੇਰੀ ਉਮਰ ਦੇ ਬਾਲਗਾਂ ਅਤੇ ਕਮਿਊਨਿਟੀ ਦੇ ਵਧੇਰੇ ਕਮਜ਼ੋਰ ਮੈਂਬਰਾਂ ਲਈ ਅਜੇ ਵੀ ਖਤਰਾ ਬਣਿਆ ਹੋਇਆ ਹੈ। ਸਿਫ਼ਾਰਸ਼ ਕੀਤੇ ਗਏ COVID-19 ਟੀਕਾਕਰਨ ਦੇ ਨਾਲ ਅੱਪ-ਟੂ-ਡੇਟ ਰਹਿਣਾ ਅਜੇ ਵੀ COVID-19 ਦਾ ਟਾਕਰਾ ਕਰਨ ਅਤੇ ਗੰਭੀਰ ਬਿਮਾਰੀ, ਹਸਪਤਾਲ ਵਿੱਚ ਦਾਖਲਿਆਂ, ਅਤੇ ਮੌਤ ਨੂੰ ਰੋਕਣ ਦੀ ਸਭ ਤੋਂ ਅਸਰਦਾਰ ਰਣਨੀਤੀ ਬਣਿਆ ਹੋਇਆ ਹੈ। ਅਲਮੀਡਾ ਕਾਊਂਟੀ ਵਿੱਚ COVID-19 ਵੈਕਸੀਨ ਪ੍ਰਾਪਤ ਕਰਨ ਬਾਰੇ ਜਾਣਕਾਰੀ ਇੱਥੇ ਉਪਲਬਧ ਹੈ: https://covid-19.acgov.org/vaccines. ਵਧੀਆ ਕੁਆਲਿਟੀ ਵਾਲੇ, ਚੰਗੀ ਤਰ੍ਹਾਂ ਫ਼ਿੱਟ ਆਉਣ ਵਾਲੇ ਮਾਸਕ ਅਤੇ ਰੈਸਪਿਰੇਟਰ ਅਤੇ ਭੀੜ-ਭੜੱਕੇ ਵਾਲੀਆਂ,

ਖਰਾਬ ਹਵਾਦਾਰ ਥਾਂਵਾਂ ਵਿਖੇ ਜਾਣ ਨੂੰ ਸੀਮਤ ਕਰਨ ਨਾਲ COVID-19 ਇਨਫ਼ੈਕਸ਼ਨ ਤੋਂ ਵਾਧੂ ਸੁਰੱਖਿਆ ਮਿਲ ਸਕਦੀ ਹੈ। ਜਿਹਨਾਂ ਲੋਕਾਂ ਨੂੰ ਗੰਭੀਰ COVID-19 ਦਾ ਸਭ ਤੋਂ ਵੱਡਾ ਜੋਖਮ ਹੈ, ਉਹਨਾਂ ਕੋਲ ਬਿਮਾਰ ਹੋਣ ਦੀ ਸਥਿਤੀ ਵਿੱਚ ਇਲਾਜ ਪ੍ਰਾਪਤ ਕਰਨ ਦੀ ਕੋਈ ਯੋਜਨਾ ਹੋਣੀ ਚਾਹੀਦੀ ਹੈ।

## ਹੁਕਮ

**ਕੈਲੀਫ਼ੋਰਨੀਆ ਦੇ ਸਿਹਤ ਅਤੇ ਸੁਰੱਖਿਆ ਜ਼ਾਬਤੇ ਦੇ ਸੈਕਸ਼ਨਾਂ 101040, 101085 ਅਤੇ 120175 ਦੀ ਅਥਾਰਟੀ ਦੇ ਅਧੀਨ, ਅਲਮੀਡਾ ਕਾਉਂਟੀ ਦੇ ਸਿਹਤ ਅਧਿਕਾਰੀ ("HEALTH OFFICER") ਦਾ ਇਹ ਹੁਕਮ ਹੈ ਕਿ:**

### A. 5 ਮਾਰਚ 2020 ਦੇ ਸਥਾਨਕ ਸਿਹਤ ਐਮਰਜੈਂਸੀ ਦੇ ਐਲਾਨ ਨੂੰ ਰੱਦ ਕੀਤਾ ਜਾਂਦਾ ਹੈ

1. ਇਹ ਹੁਕਮ ਕਾਉਂਟੀ ਦੇ ਸਿਹਤ ਅਧਿਕਾਰੀ ਦੁਆਰਾ 5 ਮਾਰਚ 2020 ਨੂੰ ਜਾਰੀ ਕੀਤੇ ਗਏ ਸਥਾਨਕ ਸਿਹਤ ਐਮਰਜੈਂਸੀ ਦੇ ਐਲਾਨ ਨੂੰ, ਬੋਰਡ ਆਫ਼ ਸੁਪਰਵਾਈਜ਼ਰਸ ਦੀ 10 ਮਾਰਚ 2020 ਦੇ ਉਸ ਐਲਾਨ ਦੀ ਤਸਦੀਕ ਦੀਆਂ ਸ਼ਰਤਾਂ ਦੇ ਅਨੁਸਾਰ ਰੱਦ ਕਰਦਾ ਹੈ। ਰੱਦ ਕਰਨ ਦਾ ਇਹ ਹੁਕਮ 28 ਫ਼ਰਵਰੀ 2023 ਨੂੰ ਰਾਤ 11:59 ਵਜੇ ਤੋਂ ਲਾਗੂ ਹੈ।

### B. ਸਿਹਤ ਅਧਿਕਾਰੀ ਦੇ ਹੁਕਮਾਂ ਨੂੰ ਰੱਦ ਕੀਤੇ ਜਾਣਾ

ਅਲਮੀਡਾ ਕਾਉਂਟੀ ਲਈ ਸਿਹਤ ਅਧਿਕਾਰੀ ਦੇ ਹੇਠਾਂ ਦਿੱਤੇ ਹੁਕਮਾਂ ਨੂੰ, 28 ਫ਼ਰਵਰੀ 2023 ਰਾਤ 11:59 ਵਜੇ ਤੋਂ ਪੂਰੀ ਤਰ੍ਹਾਂ ਨਾਲ ਰੱਦ ਕੀਤਾ ਜਾਂਦਾ ਹੈ:

1. ਹੁਕਮ ਨੰ. 20-02 (ਲੈਬਾਰਟਰੀਆਂ ਦੁਆਰਾ COVID-19 ਟੈਸਟਾਂ ਦੇ ਨਤੀਜਿਆਂ ਦੀ ਰਿਪੋਰਟ ਕੀਤੇ ਜਾਣ ਦੀ ਲੋੜ)
2. ਹੁਕਮ ਨੰ. 20-05g (COVID-19 ਹੋਣ ਦੀ ਪਛਾਣ ਹੋਏ ਜਾਂ ਇਸਦੀ ਸੰਭਾਵਨਾ ਵਾਲੇ ਵਿਅਕਤੀਆਂ ਲਈ ਖੁਦ ਨੂੰ ਆਈਸੋਲੇਟ ਕਰਨ ਦਾ ਹੁਕਮ ਦੇਣਾ);
3. ਹੁਕਮ ਨੰ. 20-06t (COVID-19 ਪੀੜ੍ਹਤ ਵਿਅਕਤੀਆਂ ਦੇ ਨੇੜਲੇ ਸੰਪਰਕਾਂ ਨੂੰ ਕੁਆਰੰਟੀਨ ਦੇ ਹੁਕਮ ਦੇਣਾ); ਅਤੇ
4. ਹੁਕਮ ਨੰ. 20-18 (ਲੰਬੀ ਅਵਧੀ ਵਾਲੀਆਂ ਦੇਖਭਾਲ ਸੁਵਿਧਾਵਾਂ (LTCFs) ਦੇ ਵਸਨੀਕਾਂ ਦੀ ਜਾਂਚ ਕਰਨ ਦੀ ਲੋੜ ਹੋਣਾ)।

ਹਾਲਾਂਕਿ ਸਿਹਤ ਅਧਿਕਾਰੀ ਦੇ ਹੁਕਮਾਂ 20-05g, 20-06t ਨੂੰ ਰੱਦ ਕਰ ਦਿੱਤਾ ਗਿਆ ਹੈ, ਪਰ ਨਿਵਾਸੀਆਂ ਨੂੰ ਉਤਸ਼ਾਹਤ ਕੀਤਾ ਜਾਂਦਾ ਹੈ ਕਿ ਉਹ COVID ਇਨਫੈਕਸ਼ਨਾਂ ਅਤੇ ਇਸਦੇ ਸੰਪਰਕ ਵਿੱਚ ਆਉਣ 'ਤੇ ਪ੍ਰਤਿਕਿਰਿਆ ਦੇਣ ਦੇ ਤਰੀਕੇ ਬਾਰੇ ਮਾਰਗਦਰਸ਼ਨ ਲਈ ਉਹਨਾਂ ਹੁਕਮਾਂ ਜਾਂ ਜਨ ਸਿਹਤ ਅਧਿਕਾਰੀ ਦੇ ਹੋਰਨਾਂ ਨਿਰਦੇਸ਼ਾਂ ਨੂੰ ਦੇਖਣ।

### C. ਵਾਧੂ ਪ੍ਰਾਵਧਾਨ

1. ਇਸ ਹੁਕਮ ਵਿੱਚ ਕਿਸੇ ਵੀ ਗੱਲ ਦਾ ਮਕਸਦ, ਕਿਸੇ ਕਾਉਂਟੀ ਨਿਵਾਸੀ ਜਾਂ ਕਾਰੋਬਾਰ ਨੂੰ ਹਵਾ ਨਾਲ ਫ਼ੈਲਣ ਵਾਲੀਆਂ ਛੂਤ ਦੀਆਂ ਬਿਮਾਰੀਆਂ ਦੇ ਫ਼ੈਲਣ ਤੋਂ ਬਚਾਅ ਲਈ ਸਿਫਾਰਸ਼ ਕੀਤੀਆਂ ਗਈਆਂ ਸਾਵਧਾਨੀਆਂ ਲੈਣ, ਜਿਵੇਂ ਕਿ ਟੀਕਾਕਰਨ ਨੂੰ ਅੱਪ-ਟੂ-ਡੇਟ ਰੱਖਣ, ਇਨਫ਼ੈਕਸ਼ਨ ਤੋਂ ਬਚਾਅ ਲਈ ਇੱਕ ਚੰਗੀ ਤਰ੍ਹਾਂ ਫ਼ਿੱਟ ਆਉਣ ਵਾਲਾ ਮਾਸਕ ਪਹਿਨਣ, ਬੀਮਾਰ ਹੋਣ 'ਤੇ ਘਰ ਰਹਿਣ, ਅਤੇ ਕਿਸੇ ਪੀੜ੍ਹਤ ਨਾਲ ਸੰਪਰਕ ਵਿੱਚ ਆਉਣ ਜਾਂ ਬਿਮਾਰ ਹੋਣ 'ਤੇ ਟੈਸਟ ਕਰਵਾਉਣ ਤੋਂ ਰੋਕਣਾ ਜਾਂ ਅਜਿਹਾ ਕਰਨ ਦਾ ਉਤਸ਼ਾਹ ਘਟਾਉਣਾ ਨਹੀਂ ਹੈ।

2. ਸੰਘ ਅਤੇ ਰਾਜ ਦੇ ਹੁਕਮ ਅਤੇ ਨਿਯਮ ਸਾਰੇ ਕਾਉਂਟੀ ਨਿਵਾਸੀਆਂ ਅਤੇ ਕਾਰੋਬਾਰਾਂ 'ਤੇ ਲਾਗੂ ਹੋਣੇ ਜਾਰੀ ਰਹਿਣਗੇ। ਜੇ ਕੈਲੀਫ਼ੋਰਨੀਆ ਰਾਜ COVID-19 ਦੇ ਫ਼ੈਲਣ 'ਤੇ ਕਾਬੂ ਪਾਉਣ ਲਈ ਵਾਧੂ ਹੁਕਮ ਜਾਂ ਨਿਯਮ ਜਾਰੀ ਕਰਦਾ ਹੈ, ਤਾਂ ਕਾਉਂਟੀ ਦੇ ਵਸਨੀਕ ਅਤੇ ਕਾਰੋਬਾਰ ਉਹਨਾਂ ਹੁਕਮਾਂ ਦੇ ਪਾਬੰਦ ਹੋਣਗੇ, ਭਾਵੇਂ ਉਹ ਉਹਨਾਂ ਹੀ ਵਿਸ਼ਿਆਂ ਨਾਲ ਸਬੰਧਤ ਕਿਉਂ ਨਾ ਹੋਣ ਜਿਹਨਾਂ ਨੂੰ ਇਸ ਹੁਕਮ ਦੁਆਰਾ ਰੱਦ ਕਰ ਦਿੱਤਾ ਗਿਆ ਹੈ।

Nicholas J. Moss (ਨਿਕੋਲਸ ਜੇ. ਮੌਸ), MD, MPH
ਅਲਮੀਡਾ ਕਾਉਂਟੀ ਦੇ ਸਿਹਤ ਅਧਿਕਾਰੀ

28 ਫ਼ਰਵਰੀ 2023
ਤਾਰੀਖ